# EV
ELECTRIC + HYDROGEN VEHICLE
# INFO

## ਵਰਤਮਾਨ ਦਾ ਹਿੱਸਾ ਬਣੋ

ਐਡਮਿੰਟਨ ਵਿੱਚ ਇਲੈਕਟਿਰ੍ਕ ਅਤੇ ਹਾਈਡਰ੍ੋਜਨ ਵਾਹਨ



ਜ਼ਿਆਦਾ ਤੋਂ ਜ਼ਿਆਦਾ ਐਡਮੰਟੋਨੀਅਨ ਲੋਕ
ਇਲੈਕਟਿਰ੍ਕ ਹੋ ਰਹੇ ਹਨ।

# ਇਲੈਕਟਿ੍ਰਕ ਵਾਹਨ ਕਿਉਂ ਚੁਣੋ?

## ਅਸੀਂ ਕਿਵੇਂ ਚਲਦੇ ਹਾਂ ਇਸ ਨੂੰ ਬਦਲਣਾ ਜਲਵਾਯੂ ਤਬਦੀਲੀ 'ਤੇ ਅਮਲ ਕਰਨ ਦਾ ਵਧੀਆ ਤਰੀਕਾ ਹੈ

**ਆਵਾਜਾਈ ਐਡਮਿੰਟਨ ਦੇ**

ਗਰੀ੍ਨਹਾਊਸ ਗੈਸ (GHG) ਦੇ **30%** ਨਿਕਾਸ ਅਤੇ ਸ਼ਹਿਰ ਦੀ



**42%** ਊਰਜਾ ਦੀ ਖਪਤ ਦੀ ਹਿੱਸੇਦਾਰ ਹੈ

ਪੈਦਲ ਚੱਲਣਾ, ਸਾਈਕਲ ਚਲਾਉਣਾ ਅਤੇ ਜਨਤਕ ਵਾਹਨਾਂ ਵਿੱਚ ਸਫ਼ਰ ਕਰਨਾ ਆਵਾਜਾਈ ਅਤੇ ਆਵਾਜਾਈ ਦੇ ਭੀੜ-ਭੜੱਕੇ ਕਰਕੇ ਵਾਤਾਵਰਣ ਪਰ੍ਭਾਵਾਂ ਨੂੰ ਘਟਾਉਣ ਦੇ ਸਭ ਤੋਂ ਵਧੀਆ ਤਰੀਕੇ ਹਨ।

ਜਦੋਂ ਸਾਨੂੰ ਗੱਡੀ ਚਲਾਉਣ ਦੀ ਲੋੜ ਹੁੰਦੀ ਹੈ, ਤਾਂ ਗੈਸੋਲੀਨ ਅਤੇ ਡੀਜ਼ਲ ਵਾਹਨਾਂ ਨੂੰ ਇਲੈਕਟਿ੍ਰਕ ਵਾਹਨਾਂ ਨਾਲ ਬਦਲਣਾ ਵਾਤਾਵਰਣ ਲਈ ਬਿਹਤਰ ਹੁੰਦਾ ਹੈ ਅਤੇ ਤੇਲ ਅਤੇ ਰੱਖ-ਰਖਾਅ ਦੇ ਖਰਚਿਆਂ ਦੀ ਬਚਤ ਕਰਦਾ ਹੈ।

ਈ ਵੀ ਉਹ ਵਾਹਨ ਹਨ ਜੋ ਪੂਰੀ ਤਰਹ੍ਾਂ ਜਾਂ ਅੰਸ਼ਕ ਤੌਰ 'ਤੇ ਬਿਜਲੀ ਦੁਆਰਾ ਸੰਚਾਲਿਤ ਹੁੰਦੇ ਹਨ।

# ਲਾਭ

## ਵਾਤਾਵਰਣ ਲਈ ਬਿਹਤਰ:

- ਔਸਤਨ, ਈ ਵੀਜ਼ ਅਲਬਰਟਾ ਵਿੱਚ ਗੈਸੋਲੀਨ ਜਾਂ ਡੀਜ਼ਲ ਵਾਹਨਾਂ ਨਾਲੋਂ 41% ਘੱਟ ਗ੍ਰੀਨਹਾਉਸ ਗੈਸਾਂ (GHG) ਛੱਡਦੀਆਂ ਹਨ। ਇਲੈਕਟ੍ਰਿਕ ਗਰਿੱਡ ਦੇ ਨਵਿਆਉਣਯੋਗ ਹੋਣ ਨਾਲ GHG ਹੋਰ ਵੀ ਘੱਟ ਜਾਣਗੀਆਂ।
- ਆਪਣੀ ਵਰਤੋਂ ਦੇ ਜੀਵਨ ਕਾਲ ਦੌਰਾਨ, ਈ ਵੀਜ਼ ਗੈਸੋਲੀਨ ਜਾਂ ਡੀਜ਼ਲ ਇੰਟਰਨਲ ਕੰਬਸ਼ਨ ਇੰਜਣ (ICE) ਵਾਹਨਾਂ ਨਾਲੋਂ ਘੱਟ GHG ਪੈਦਾ ਕਰਦੇ ਹਨ। ਬੈਟਰੀ ਈ ਵੀਜ਼ ਆਮ ਤੌਰ ਤੇ ਓਪਰੇਸ਼ਨ ਦੇ ਪਹਿਲੇ 6-16 ਮਹੀਨਿਆਂ ਦੇ ਅੰਦਰ ਆਪਣੇ ਵਾਧੂ ਨਿਰਮਾਣ ਨਿਕਾਸ ਨੂੰ ਆਫਸੈੱਟ ਕਰਦੇ ਹਨ ਕਿਉਂਕਿ ਉਹ ਟੇਲਪਾਈਪ ਨਿਕਾਸ ਪੈਦਾ ਨਹੀਂ ਕਰਦੇ ਹਨ।

## ਹਵਾ ਦੀ ਗੁਣਵੱਤਾ ਵਿੱਚ ਸੁਧਾਰ:

- ਗੈਸੋਲੀਨ ਅਤੇ ਡੀਜ਼ਲ ਵਾਹਨ ਪਰਦੂਸ਼ਨ ਛੱਡਦੇ ਹਨ ਜੋ ਸਥਾਨਕ ਹਵਾ ਦੀ ਗੁਣਵੱਤਾ ਅਤੇ ਸਿਹਤ ਤੇ ਨਕਾਰਾਤਮਕ ਪਰਭਾਵ ਪਾਉਂਦੇ ਹਨ।
- ਜਿਵੇਂ ਕਿ ਜ਼ਿਆਦਾ ਲੋਕ ਗੈਸੋਲੀਨ ਅਤੇ ਡੀਜ਼ਲ ਤੋਂ ਈ ਵੀਜ਼ ਵਿੱਚ ਬਦਲਦੇ ਹਨ, ਇਹ ਹਵਾ ਪਰਦੂਸ਼ਣ ਨੂੰ ਘਟਾਏਗਾ ਅਤੇ ਹਰੇਕ ਲਈ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰੇਗਾ।

## ਘੱਟ ਰੱਖ-ਰਖਾਅ ਅਤੇ ਚਲਨਸ਼ੀਲ ਖਰਚੇ:

- ਘੱਟ ਚਲਨਸ਼ੀਲ ਹਿੱਸੇ ਅਤੇ ਘੱਟ ਈਂਧਨ ਦੀ ਲਾਗਤ ਕਾਰਨ ਈ ਵੀਜ਼ ਦੀ ਸਾਂਭ-ਸੰਭਾਲ ਅਤੇ ਸੰਚਾਲਨ ਲਈ ਘੱਟ ਲਾਗਤ ਹੁੰਦੀ ਹੈ। ਗੈਸੋਲੀਨ ਵਾਹਨ ਦੇ ਮੁਕਾਬਲੇ ਅਲਬਰਟਾ ਵਿੱਚ ਈ ਵੀ ਲਈ ਤੇਲ ਅਤੇ ਰੱਖ-ਰਖਾਅ ਤੇ ਔਸਤ ਸਾਲਾਨਾ ਬਚਤ ਲਗਭਗ $3,000 ਹੈ।
- ਸਮੇਂ ਦੇ ਨਾਲ ਸੰਚਾਲਨ ਅਤੇ ਰੱਖ-ਰਖਾਅ ਦੇ ਘਟਾਏ ਜਾਣ ਵਾਲੇ ਖਰਚੇ EVs ਦੀ ਉੱਚ ਖਰੀਦ ਕੀਮਤ ਨੂੰ ਰੱਦ ਕਰ ਸਕਦੇ ਹਨ।

## ਸਥਾਨਕ ਤੌਰ ਤੇ ਤਿਆਰ ਬਿਜਲੀ ਦੀ ਵਰਤੋਂ ਕਰੋ:

- ਨਵਿਆਉਣਯੋਗ ਊਰਜਾ ਸੂਰਜੀ, ਹਵਾ, ਹਾਈਡਰੋ ਅਤੇ ਭੂ-ਥਰਮਲ ਪਰਣਾਲੀਆਂ ਰਾਹੀਂ ਪਰਦਾਨ ਕੀਤੀ ਜਾਂਦੀ ਹੈ। ਸੋਲਰ ਪੈਨਲਾਂ ਨਾਲ ਘਰ ਵਿੱਚ ਈ ਵੀ ਨੂੰ ਚਾਰਜ ਕਰਨਾ ਵੀ ਸੰਭਵ ਹੈ।

## ਈ ਵੀ ਚਲਾਉਣ ਲਈ ਮਜ਼ੇਦਾਰ!

- ਈ ਵੀਜ਼ ਵੱਖਰੇ ਮਾਪ ਅਤੇ ਆਕਾਰਾਂ ਵਿੱਚ ਆਉਂਦੀਆਂ ਹਨ ਅਤੇ ਸ਼ਕਤੀਸ਼ਾਲੀ ਅਤੇ ਆਰਾਮਦਾਇਕ ਹੋ ਸਕਦੀਆਂ ਹਨ। ਈ ਵੀ ਡਰਾਈਵਰਾਂ ਨੂੰ ਉਹਨਾਂ ਦੇ ਤਜ਼ਰਬੇ ਬਾਰੇ ਪੁੱਛੋ, ਅਤੇ ਤੁਸੀਂ ਖੁਦ ਈਵੀ ਦੇ ਪਰਸ਼ੰਸਕ ਬਣ ਸਕਦੇ ਹੋ!

# ਈ ਵੀਜ਼ ਦੀਆਂ ਕਿਸਮਾਂ

**ਕੈਨੇਡਾ ਵਿੱਚ ਦੋ ਕਿਸਮ ਦੀਆਂ ਈ ਵੀ ਉਪਲਬਧ ਹਨ ਜੋ ਗਰਿੱਡ ਵਿੱਚ ਪਲੱਗ ਕਰਕੇ ਚਾਰਜ ਕੀਤੀਆਂ ਜਾਂਦੀਆਂ ਹਨ।**

## ਬੈਟਰੀ ਇਲੈਕਟਿ੍ਕ ਵਾਹਨ (BEVs)

ਵਿਸ਼ੇਸ਼ ਤੌਰ ਤੇ ਇਲੈਕਟਿ੍ਕ ਬੈਟਰੀ ਦੁਆਰਾ ਸੰਚਾਲਿਤ, BEVs ਨੂੰ ਇੱਕ ਈ ਵੀ ਚਾਰਜਰ ਜਾਂ ਇੱਕ ਆਮ ਕੰਧ ਆਊਟਲੇਟ ਵਿੱਚ ਪਲੱਗ ਕਰਕੇ ਚਾਰਜ ਕੀਤਾ ਜਾਂਦਾ ਹੈ। ਅੱਜ ਦੇ BEV ਇੱਕ ਵਾਰ ਚਾਰਜ ਕਰਨ ਤੇ 400 ਕਿਲੋਮੀਟਰ ਜਾਂ ਇਸ ਤੋਂ ਵੱਧ ਦੀ ਯਾਤਰਾ ਕਰ ਸਕਦੇ ਹਨ।

## ਪਲੱਗ-ਇਨ ਹਾਈਬਿ੍ਡ ਇਲੈਕਟਿ੍ਕ ਵਾਹਨ (PHEVs)

PHEV ਇੱਕ ਇਲੈਕਟਿ੍ਕ ਬੈਟਰੀ ਦੁਆਰਾ ਸੰਚਾਲਿਤ ਹੁੰਦੇ ਹਨ ਅਤੇ, ਲੋੜ ਪੈਣ ਤੇ, ਇੱਕ ਗੈਸੋਲੀਨ ਇੰਟਰਨਲ ਕੰਬਸ਼ਨ ਇੰਜਣ (ICE) ਦੁਆਰਾ ਸੰਚਾਲਿਤ ਹੁੰਦੇ ਹਨ। PHEV ਇੱਕਲੀ -ਇਲੈਕਟਿ੍ਕ ਪਾਵਰ 'ਤੇ 20 ਤੋਂ 80 ਕਿਲੋਮੀਟਰ ਤੱਕ ਸਫ਼ਰ ਕਰ ਸਕਦੇ ਹਨ। ਗੈਸੋਲੀਨ ਇੰਜਣ ਲੰਮੀ ਦੂਰੀ ਚਲਾਉਣ ਲਈ ਕੰਮ ਕਰਦਾ ਹੈ।



# ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਵਾਲੀ ਈ ਵੀ ਚੁਣਨਾ

ਸੇਡਾਨ ਤੋਂ ਟਰੱਕਾਂ ਤੱਕ, ਅੱਜ ਲਗਭਗ ਹਰ ਵਾਹਨ ਨਰਿਮਾਤਾ ਕੋਲ ਮਾਰਕੀਟ ਵੱਿਚ  ਇੱਕ ਈ ਵੀ ਹੈ। ਇਲੈਕਟ੍ਰਕਿ ਵਾਹਨ ਦੀ ਚੋਣ ਕਰਦੇ ਸਮੇਂ, ਤੁਹਾਡੀਆਂ ਰੋਜ਼ਾਨਾ ਯਾਤਰਾ ਦੀਆਂ ਜ਼ਰੂਰਤਾਂ ਅਤੇ ਵਾਹਨ ਯਾਤਰਾ ਦੀਆਂ ਸੀਮਾਂ ‹ਤੇ ਵਚਿਾਰ ਕਰਨਾ ਮਹੱਤਵਪੂਰਨ ਹੈ। ਧਆਿਨ ਵੱਿਚ  ਰੱਖੋ ਕਿ EVs ਦੀ ਯਾਤਰਾ ਸੀਮਾ ਐਡਮੰਿਟਨ ਵੱਿਚ ਔਸਤ ਕਾਰ ਯਾਤਰਾ (9.4 ਮੀਲ) ਅਤੇ ਔਸਤ ਜਾਣ-ਆਉਣ ਦੇ ਸਫ਼ਰ (25.6 ਮੀਲ) ਤੋਂ ਵੱਧ ਹੈ।

# ਪਰ੍ਰੋਤਸਾਹਨ

ਕੈਨੇਡਾ ਸਰਕਾਰ $5,000 ਤੱਕ ਦੇ ਪਰ੍ਰੋਤਸਾਹਨ ਦੀ ਪੇਸ਼ਕਸ਼ ਕਰਦੀ ਹੈ ਜੋ ਜ਼ੀਰੋ-ਐਮੀਸ਼ਨ ਵਾਹਨ (ZEV) ਦੀ ਲਾਗਤ ਦੇ ਨਾਲ-ਨਾਲ ਕਾਰੋਬਾਰਾਂ ਲਈ ਟੈਕਸ ਰਿਆਇਤਾਂ ‘ਤੇ ਲਾਗੂ ਕੀਤੇ ਜਾ ਸਕਦੇ ਹਨ। ਸ਼ਰਤਾਂ ਅਤੇ ਯੋਗ ਵਾਹਨਾਂ ਲਈ ਨੈਚੁਰਲ ਰਿਸੋਰਸ ਕੈਨੇਡਾ ਦੀ iZEV ਪਰ੍ਰੋਗਰਾਮ ਦੀ ਵੈੱਬਸਾਈਟ ਤੇ ਜਾਓ।

# ਆਪਣਾ ਈ ਵੀ ਤੁਲ ਲੱਭੋ

ਇਹ ਜਾਣਨ ਲਈ ਕਿ ਕੈਨੇਡਾ ਵਿੱਚ ਕਿਹੜੇ ਈ ਵੀ ਮਾਡਲ ਉਪਲਬਧ ਹਨ, ਅਤੇ ਲਾਗਤਾਂ ਅਤੇ ਯਾਤਰਾ ਸੀਮਾਂ ਦੀ ਤੁਲਨਾ ਕਰਨ ਲਈ, ev.plugndrive.ca ਤੇ ਜਾਓ।





# ਈ ਵੀ ਨੂੰ ਚਾਰਜ ਕਰਨਾ

ਈ ਵੀ ਡਰਾਈਵਰ ਆਪਣੇ ਵਾਹਨਾਂ ਨੂੰ ਘਰ, ਕੰਮ ਜਾਂ ਜਨਤਕ ਤੌਰ ਤੇ ਪਹੁੰਚਯੋਗ ਈ ਵੀ ਚਾਰਜਿੰਗ ਸਟੇਸ਼ਨਾਂ ਤੇ ਚਾਰਜ ਕਰ ਸਕਦੇ ਹਨ। ਵਰਤਮਾਨ ਵਿੱਚ ਐਡਮਿੰਟਨ ਮੈਟਰੋਪੋਲੀਟਨ ਖੇਤਰ ਵਿੱਚ 60 ਤੋਂ ਵੱਧ ਜਨਤਕ ਤੌਰ ਤੇ ਪਹੁੰਚਯੋਗ ਈ ਵੀ ਚਾਰਜਿੰਗ ਸਥਾਨ ਹਨ।

ਸਭ ਤੋਂ ਨਜ਼ਦੀਕੀ ਜਨਤਕ ਤੌਰ ਤੇ ਪਹੁੰਚਯੋਗ ਈ ਵੀ ਚਾਰਜਰ ਦਾ ਪਤਾ ਲਗਾਉਣ ਲਈ ਹੇਠ ਲਿਖੇ ਪਤੇ ਤੇ ਜਾਓ:

- ***plugshare.com***
- ***chargehub.com***
- ***ev.plugndrive.ca/charging-stations***



*Map courtesy of plugshare.com*

# ਈ ਵੀ ਚਾਰਜਿੰਗ ਦੀਆਂ ਕਿਸਮਾ

## ਪੱਧਰ 1: ਸਟੈਂਡਰਡ ਵਾਲ ਆਊਟਲੈੱਟ

ਪਾਵਰ ਪੱਧਰ: 120V, 15-20 amps
ਚਾਰਜ ਕਰਨ ਦਾ ਸਮਾਂ: 8 ਕਿਲੋਮੀਟਰ ਪਰ੍ਤੀ ਘੰਟਾ, 20-12 ਘੰਟੇ (BEVs), 12-6 ਘੰਟੇ (PHEVs)




ਈ ਵੀਜ਼ ਇੱਕ ਪੋਰਟੇਬਲ ਕੋਰਡ ਨਾਲ ਆਉਂਦੇ ਹਨ ਜਿਸਨੂੰ ਤੁਸੀਂ ਇੱਕ ਸਟੈਂਡਰਡ ਵਾਲ ਆਊਟਲੈਟ ਵਿੱਚ ਜੋੜ ਸਕਦੇ ਹੋ। ਇਹ ਤਿੰਨ ਚਾਰਜਿੰਗ ਤਰੀਕਿਆਂ ਵਿੱਚੋਂ ਸਭ ਤੋਂ ਹੌਲੀ ਹੈ ਪਰ ਇਹ ਉਹਨਾਂ ਲਈ ਕਾਫੀ ਹੈ ਜੋ ਇੱਕ ਦਿਨ ਵਿੱਚ 64 ਕਿਲੋਮੀਟਰ ਤੋਂ ਘੱਟ ਸਫ਼ਰ ਕਰਦੇ ਹਨ ਅਤੇ ਰਾਤ ਭਰ ਆਪਣੇ ਵਾਹਨ ਨੂੰ ਚਾਰਜ ਕਰਨ ਦੀ ਸਮਰੱਥਾ ਰੱਖਦੇ ਹਨ।

## ਪੱਧਰ 2: ਈ ਵੀ ਚਾਰਜਰ

ਪਾਵਰ ਪੱਧਰ: 240V, 80 amps ਤੱਕ (ਆਮ 30 amps)
ਚਾਰਜ ਕਰਨ ਦਾ ਸਮਾਂ: 30 ਕਿਲੋਮੀਟਰ ਪਰ੍ਤੀ ਘੰਟਾ, 10-4 ਘੰਟੇ (BEVs), 4-2 ਘੰਟੇ (PHEVs)

ਡਰਾਈਵਰ ਲੈਵਲ 2 ਈ ਵੀ  ਚਾਰਜਰ ਨਾਲ ਚਾਰਜ ਕਰਨ ਦੇ ਇੱਕ ਘੰਟੇ ਵਿੱਚ 16 ਤੋਂ 30 ਕਿਲੋਮੀਟਰ ਦਾ ਸਫ਼ਰ  ਜੋੜ ਸਕਦੇ ਹਨ। ਇਹ ਸਭ ਤੋਂ ਆਮ ਜਨਤਕ ਈ ਵੀ  ਚਾਰਜਰ ਹਨ ਅਤੇ ਘਰ ਜਾਂ ਕੰਮ ਤੇ ਵੀ ਸਥਾਪਿਤ ਕੀਤੇ ਜਾ ਸਕਦੇ ਹਨ। ਉਹ ਘਰ ਵਿੱਚ ਸਟੋਵ ਦੇ ਤੌਰ ਤੇ ਬਿਜਲੀ ਦੀਆਂ ਲਾਇਨਾਂ ਦੀ ਵਰਤੋਂ ਕਰਦੇ ਹਨ, ਅਤੇ ਇੱਕ ਪਰ੍ਮਾਣਿਤ ਇਲੈਕਟਰ੍ੀਸ਼ੀਅਨ ਲੈਵਲ 2 ਚਾਰਜਰ ਸਥਾਪਤ ਕਰ ਸਕਦਾ ਹੈ।



## ਪੱਧਰ 3: ਡਾਇਰੈਕਟ ਕਰੰਟ (DC) ਫਾਸਟ ਚਾਰਜਰ

ਪਾਵਰ ਪੱਧਰ: 200V450-V, 200 amps ਤੱਕ
ਚਾਰਜ ਕਰਨ ਦਾ ਸਮਾਂ: BEVs ਨੂੰ 80% ਸਮਰੱਥਾ ਤੱਕ ਚਾਰਜ ਕਰਨ ਲਈ 30 -25 ਮਿੰਟ



ਇੱਕ DC ਫਾਸਟ ਚਾਰਜਰ ਦਾ ਆਕਾਰ ਇੱਕ ਗੈਸ ਪੰਪ ਵਰਗਾ ਹੁੰਦਾ ਹੈ ਅਤੇ 30 ਮਿੰਟਾਂ ਵਿੱਚ ਇੱਕ ਈ ਵੀ ਨੂੰ 80% ਪੂਰਾ ਚਾਰਜ ਪਰ੍ਦਾਨ ਕਰ ਸਕਦਾ ਹੈ। ਇਹ ਤਿੰਨ ਤਰੀਕਿਆਂ ਵਿੱਚੋਂ ਸਭ ਤੋਂ ਤੇਜ਼ ਹਨ ਅਤੇ ਆਮ ਤੌਰ ਤੇ ਕਾਰੋਬਾਰਾਂ ਅਤੇ ਜਨਤਕ ਚਾਰਜਿੰਗ ਸਟੇਸ਼ਨਾਂ ਤੇ ਪਾਏ ਜਾਂਦੇ ਹਨ। ਐਡਮਿੰਟਨ ਮੈਟਰੋਪੋਲੀਟਨ ਖੇਤਰ ਵਿੱਚ ਸੱਤ ਪਬਲਿਕ ਲੈਵਲ 3 ਚਾਰਜਰ ਅਤੇ ਅੱਠ ਟੇਸਲਾ ਸੁਪਰਚਾਰਜਰ ਹਨ। ਟੇਸਲਾ ਸੁਪਰਚਾਰਜਰ ਦੀ ਵਰਤੋਂ ਸਿਰਫ਼ ਟੇਸਲਾ ਵਾਹਨਾਂ ਨੂੰ ਚਾਰਜ ਕਰਨ ਲਈ ਕੀਤੀ ਜਾ ਸਕਦੀ ਹੈ।

# ਹਾਈਡਰੋਜਨ ਵਾਹਨ ਕੀ ਹਨ?




ਹਾਈਡਰੋਜਨ ਵਾਹਨ, ਜਿਨਹ੍ਹਾਂ ਨੂੰ ਫਿਊਲ ਸੈੱਲ ਇਲੈਕਟਿਰ੍ਕ ਵਾਹਨ (FCEVs) ਵੀ ਕਿਹਾ ਜਾਂਦਾ ਹੈ, ਉਹ ਇਲੈਕਟਿਰ੍ਕ ਵਾਹਨ ਹਨ ਜੋ ਹਾਈਡਰੋਜਨ ਗੈਸ ਤੇ ਚੱਲਦੇ ਹਨ। ਹਾਈਡਰੋਜਨ ਵਾਹਨ ਦੂਜੇ ਈਵੀਜ਼ ਵਾਂਗ ਵਾਤਾਵਰਣ ਅਤੇ ਘੱਟ ਰੱਖ-ਰਖਾਅ ਲਾਭ ਪਰ੍ਦਾਨ ਕਰਦੇ ਹਨ। ਹਾਈਡਰੋਜਨ ਵਾਹਨਾਂ ਦੁਆਰਾ ਪੈਦਾ ਕੀਤੇ ਜਾਣ ਵਾਲੇ ਸਿਰਫ ਪਾਣੀ ਦੀ ਭਾਫ਼ ਅਤੇ ਗਰਮ ਹਵਾ ਹਨ।

ਹਾਈਡਰੋਜਨ ਵਾਹਨਾਂ ਨੂੰ ਬੈਟਰੀ ਜਾਂ ਪਲੱਗ-ਇਨ ਹਾਈਬਿਰ੍ਡ ਇਲੈਕਟਿਰ੍ਕ ਵਾਹਨਾਂ ਵਰਗੇ ਇਲੈਕਟਿਰ੍ਕ ਚਾਰਜਿੰਗ ਸਟੇਸ਼ਨਾਂ ਤੇ ਰੀਚਾਰਜ ਕਰਨ ਦੀ ਬਜਾਏ ਫਿਊਲਿੰਗ ਸਟੇਸ਼ਨਾਂ ਤੇ ਦਬਾਅ ਵਾਲੀ ਹਾਈਡਰੋਜਨ ਗੈਸ ਨਾਲ ਭਰਿਆ ਜਾਂਦਾ ਹੈ।

ਯਾਤਰੀ ਅਤੇ ਮਾਲ ਢੋਆ-ਢੁਆਈ ਲਈ ਹਾਈਡਰੋਜਨ ਵਾਹਨ ਇੱਕ ਉਭਰਦਾ ਬਾਜ਼ਾਰ ਹੈ। ਜਿਵੇਂ ਕਿ FCEV ਤਕਨਾਲੋਜੀ ਅਤੇ ਬੁਨਿਆਦੀ ਢਾਂਚਾ ਵਿਕਸਿਤ ਹੋ ਰਿਹਾ ਹੈ, ਐਡਮਿੰਟਨ ਵਿੱਚ ਹਾਈਡਰੋਜਨ-ਸੰਚਾਲਿਤ ਵਾਹਨਾਂ ਲਈ ਇੱਕ ਕਿਫਾਇਤੀ, ਕੁਸ਼ਲ ਅਤੇ ਸਾਫ਼ ਆਵਾਜਾਈ ਵਿਕਲਪ ਬਣਨ ਦੀ ਸੰਭਾਵਨਾ ਦਾ ਵਾਅਦਾ ਕੀਤਾ ਜਾ ਰਿਹਾ ਹੈ।

## ਹੋਰ ਜਾਣਕਾਰੀ ਲਈ...

- ਈ ਵੀ ਮਾਲਕਾਂ ਨਾਲ ਗੱਲ ਕਰੋ। ਅਲਬਰਟਾ ਦੀ ਇਲੈਕਟਿਰ੍ਕ ਵਹੀਕਲ ਐਸੋਸੀਏਸ਼ਨ ਈ ਵੀ ਮਾਲਕਾਂ ਨਾਲ ਜੁੜਨ ਲਈ ਇੱਕ ਵਧੀਆ ਸਰੋਤ ਹੈ; <albertaev.ca> ਤੇ ਜਾਓ ਜਾਂ ਉਹਨਾਂ ਨੂੰ ਫੇਸਬੁੱਕ ਤੇ ਲੱਭੋ।
- Plug'n Drive ਵੈੱਬਸਾਈਟ ਦੀ ਪੜਚੋਲ ਕਰੋ, ਜਿਸ ਵਿੱਚ ਉਪਯੋਗੀ ਵਿਦਿਅਕ ਜਾਣਕਾਰੀ ਹੈ; plugndrive.ca 'ਤੇ ਜਾਓ
- ਈ ਵੀਜ਼ ਬਾਰੇ ਹੋਰ ਜਾਣੋ ਅਤੇ ਸਿਟੀ ਆਫ਼ ਐਡਮਿੰਟਨ ਈ ਵੀ ਨੂੰ ਅਪਣਾਓਣ ਨੂੰ ਉਤਸ਼ਾਹਿਤ ਕਰਨ ਲਈ ਕੀ ਕਰ ਰਿਹਾ ਹੈ; <edmonton.ca/electricvehicles> ਤੇ ਜਾਓ
- ਸੂਚਿਤ ਰਹੋ ਅਤੇ ਜਲਵਾਯੂ ਤਬਦੀਲੀ 'ਤੇ ਅਮਲ ਕਰਨ ਦੇ ਹੋਰ ਤਰੀਕੇ ਲੱਭੋ; changeforclimate.ca 'ਤੇ ਜਾਓ

CHANGE FOR CLIMATE

Edmonton